ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

# ਹਰਮੀਤ ਵਿਦਿਆਰਥੀ ਦੀਆਂ ਤਿੰਨ ਨਜ਼ਮਾਂ



ਹਰਮੀਤ ਵਿਦਿਆਰਥੀ
ਪ੍ਰਸਿੱਧ ਪੰਜਾਬੀ ਕਵੀ
+91 98149-76926

## 1.

## ਖੜੋਤ ਤੋਂ ਬਾਅਦ

ਧੁੱਪ,
ਗਰਮ ਹਵਾ
ਚਿਪ ਚਿਪ ਕਰਦਾ ਬਦਨ।

ਖਿੱਝ ਚਿਹਰੇ ਤੇ
ਦਸਤਖ਼ਤ ਕਰ ਚੁੱਕੀ ਹੈ
ਗੁੱਸੇ ਨੇ ਜ਼ਿਹਨ ਵਿਚ
ਡੇਰਾ ਜਮਾ ਲਿਆ ਹੈ।

ਲਿਖਦਾ ਹਾਂ
ਤਾਂ ਉਦਾਸੀ ਡੁੱਲ੍ਹਦੀ ਹੈ ।
ਸ਼ਬਦ ਸਿੱਲ੍ਹੇ
ਖ਼ਿਆਲ ਬੋਦੇ
ਤਕਨੀਕ ਜਰਜਰੀ।

ਨਿਰਾਸ਼ਾ ਚ ਗੜੁੱਚ ਬੋਲ -
ਬਾਹਰ ਆਉਂਦੇ ਨੇ
ਆਲਾ ਦੁਆਲਾ
ਸ਼ਾਹ ਕਾਲੇ ਰੰਗ ਵਿੱਚ
ਰੰਗਿਆ ਜਾਂਦਾ ਹੈ।
ਆਪਣੀ ਆਵਾਜ਼ ਸੁਣਕੇ
ਜ਼ਰਦ ਹੋ ਜਾਂਦਾ ਹੈ
ਆਪਣਾ ਹੀ ਚਿਹਰਾ।

ਇਹ ਮੌਸਮ ਦਾ ਅਸਰ ਨਹੀਂ
ਹੋਣੀ ਹੈ ਉਸ ਚੌਗਿਰਦੇ ਦੀ

ਜਿਸ ਵਿੱਚ ਮੈਂ ਰਹਿੰਦਾ ਹਾਂ।
ਇਸ ਨੂੰ ਬਣਾਉਣ ਵਿੱਚ
ਮੇਰੀ ਵੀ ਸ਼ਮੂਲੀਅਤ ਹੈ।

ਮੈਂ ਬਹੁਤ ਸੋਚਦਾ
ਬਹੁਤ ਬੋਲਦਾ
ਬਹੁਤ ਲਿਖਦਾ ਰਿਹਾ
- - ਸਭ ਬੇਲੋੜਾ।

ਵੇਲੇ ਸਿਰ ਚੁੱਪ ਧਾਰ ਲੈਂਦਾ
ਮਿੱਟੀ ਵਿੱਚ ਮੂੰਹ ਦਬਾਈ
ਹਨੇਰੀਆਂ ਨੂੰ
ਉੱਪਰ ਦੀ ਲੰਘ ਜਾਣ ਦਿੰਦਾ- -
ਇੱਕਲਾ ਇੱਕਲਾ ਲਫ਼ਜ਼
ਤੋਲ ਕੇ ਬੋਲਦਾ
ਸਭ ਪਾਸੇ ਬਣਾ ਕੇ ਰੱਖਦਾ
ਸੁਰੱਖਿਅਤ ਖੇਡ ਖੇਡਦਾ।

ਹੁਣ
ਨਿਰਾਸ਼ਾ ਸਿਰ ਚੜ੍ਹ ਬੋਲੀ
ਘਰ ਦੇ
ਅੰਦਰਲੇ ਸੁਰੱਖਿਅਤ ਕਮਰੇ ਤੱਕ
ਉਦਾਸੀ ਆਣ ਬੈਠੀ।
ਖਰੀਦਦਾਰ ਹੋਣ ਦਾ ਦਾਅਵਾ ਕਰਦਿਆਂ
ਮੈਂ ਕਦ ਮੰਡੀ ਦੀ ਜਿਣਸ ਬਣ ਗਿਆ
ਘਾਟੇ ਵੰਦੇ ਸੌਦੇ ਵਾਲੀ ਜਿਣਸ
ਪਤਾ ਹੀ ਨਹੀਂ ਲੱਗਾ।

ਢੇਰ ਕਿਤਾਬਾਂ ਵਿੱਚੋਂ
ਇੱਕ ਚੁੱਕੀ
ਵਰਕਾ ਪਾੜ ਕੇ

ਚਿਹਰੇ ਦਾ ਪਸੀਨਾ ਪੂੰਝਿਆ
ਕਾਨਸ ਤੇ ਪਏ ਸਨਮਾਨ ਚਿੰਨ੍ਹ ਨਾਲ
ਢੂਈ ਖੁਰਕੀ।

ਆਦਮ ਕੱਦ ਸ਼ੀਸ਼ੇ ਸਾਹਵੇਂ ਖੜ੍ਹੋ ਕੇ
ਖੁਦ ਨੂੰ ਨਿਹਾਰਿਆ
ਭਰੇ ਭਕੁੰਨੇ ਘਰ ਦੇ ਖੁੱਸਣ ਦਾ ਖੌਫ਼
ਡਸਟ ਬਿਨ ਵਿੱਚ ਵਗਾਹ ਮਾਰਿਆ

ਹੁਣ ਮੈਂ ਹੱਥਾਂ ਨਾਲ ਨਹੀਂ
ਕਦਮਾਂ ਨਾਲ
ਕੱਚੀਆਂ ਪਗਡੰਡੀਆਂ ਦੇ ਸਫ਼ੇ ਤੇ
ਲੰਬੀ ਨਜ਼ਮ ਲਿਖਾਂਗਾ

ਧੁੱਪ ਬਹੁਤ ਹੈ
ਗਰਮ ਹਵਾ
ਚਿਪ ਚਿਪ ਕਰਦਾ ਬਦਨ

ਪਰ ਹੁਣ ਹਵਾ ਨੂੰ ਉਡੀਕਾਂਗਾ ਨਹੀਂ
ਆਪ ਜਾਵਾਂਗਾ ਹਵਾ ਤੱਕ।

## 2

## ਮੈਂ ਜੋ ਮੈਂ ਨਹੀਂ

ਮੈਂ ਆਪਣੇ ਖੌਫ਼ ਨੂੰ
ਆਪਣੇ ਅੰਦਰ ਕਿਤੇ
ਡੂੰਘਾ ਛਿਪਾਉਣ ਵਾਸਤੇ
ਉੱਚੀ ਉੱਚੀ ਬੋਲਦਾ ਹਾਂ

ਅੰਦਰੇ ਅੰਦਰ ਡਰਦਾ
ਵਿਸ ਘੋਲਦਾ ਹਾਂ

ਮੈਂ ਵਹਾ ਕੇ ਅੱਥਰੂ
ਖ਼ੁਦ ਨੂੰ ਸਮੇਟਣਾ ਚਾਹਾਂ
ਪਰ ਨਸ਼ਰ ਹੋ ਜਾਵਾਂ
ਜ਼ਮਾਨੇ ਭਰ ਅੰਦਰ
ਕਿੰਨਾ ਹੀਣਾ ਹੈ ਮੇਰਾ ਸੱਚ
ਮੇਰੇ ਝੂਠ ਤੋਂ ਹੀ ਹਾਰ ਜਾਵੇ
ਆਪਣੇ ਆਪ ਤੋਂ ਹੀ
ਮੈਨੂੰ ਖੌਫ਼ ਆਵੇ
ਸ਼ੀਸ਼ੇ ਸਾਹਵੇਂ ਖਲੋ ਕੇ
ਖੁਦ ਨੂੰ ਬਹੁਤ ਕੁਝ ਪੁੱਛਣਾ ਚਾਹਾਂ
ਪਰ ਉੱਤਰ ਮਿਲਣ ਤੋਂ ਪਹਿਲਾਂ ਹੀ
ਸ਼ੀਸ਼ਾ ਤੋੜ ਦੇਵਾਂ

ਮੈਂ ਅੱਜਕਲ੍ਹ ਆਪਣੇ ਖੌਫ਼ ਦਾ
ਕੈਦੀ
ਆਪਣੀ ਹਉਮੈ ਦਾ ਮੁਜਰਿਮ
ਆਪਣੀ ਜ਼ਮੀਰ ਸਾਹਵੇਂ
ਨੈਤਿਕਤਾ ਦੀ ਅਦਾਕਾਰੀ ਕਰਾਂ
ਖ਼ੁਦ ਆਪਣੇ ਆਪ ਨੂੰ
ਆਸਕਰ ਪ੍ਰਦਾਨ ਕਰਦਾ ਹਾਂ

ਮੈਂ ਜੋ ਵੀ ਹਾਂ
ਉਹ ਦਿੱਸਣ ਤੋਂ ਤ੍ਰਿੰਹਦਾ
ਜੋ ਨਹੀਂ ਹਾਂ
ਉਹ ਹੋਣ ਦੀ
ਬੇਕਾਰ ਕੋਸ਼ਿਸ਼ ਕਰਦਾ ਹਾਂ

ਮੈਂ ਹੌਂਸਲੇ ਤੇ ਡਰ ਦੀ
ਨੋ ਮੈਨਜ਼ ਲੈਂਡ ਤੇ
ਜੀਣ ਦੇ ਅਭਿਨੈ ਚ ਰੁੱਝਾ
ਅਸਫ਼ਲ ਅਭਿਨੇਤਾ

## 3

## ਕੁਕਨੂਸ

ਝੱਖੜ ਸ਼ਹਿਰ ਚ
ਅਵਾਰਾਗਰਦੀ ਕਰਨ ਨਿਕਲਿਆ ਹੈ
ਜੜ੍ਹੋਂ ਉੱਖੜ ਰਹੇ
ਵੱਡੇ ਵੱਡੇ ਰੁੱਖ
ਢਹਿ ਢੇਰੀ ਹੋ ਰਹੀਆਂ
ਦਿਓ ਕੱਦ ਇਮਾਰਤਾਂ

ਖ਼ਤਮ ਹੋ ਰਹੇ
ਬਚਣ ਦੇ ਹੀਲੇ ਬਹਾਨੇ

ਨਰਮ ਨਾਜ਼ੁਕ ਬੂਟੇ
ਝੋਲ ਖਾ ਧਰਤ ਨੂੰ ਨਮਨ ਕਰਦੇ
ਲਿਫ਼ ਜਾਂਦੇ

ਝੱਖੜ ਲੰਘ ਜਾਂਦਾ
ਨਰਮ ਨਾਜ਼ੁਕ ਬੂਟੇ
ਮਿੱਟੀ ਚੋਂ ਸ਼ਕਤੀ ਲੈ
ਫਿਰ ਖੜੇ ਹੁੰਦੇ

ਪਹਾੜ ਕੱਦ ਰੁੱਖ ਬਨਣ ਦੇ ਰਾਹ ਪੈਂਦੇ।